ਦਫ਼ਤਰ ਜ਼ਿਲ੍ਹਾ ਚੋਣ ਅਫਸਰ, ਬਠਿੰਡਾ
*OFFICE OF DISTRICT ELECTION OFFICER. BATHINDA*
*(Room No. 303, 2nd Floor Mini Secretariat)*
*Phone No. 0164-2211022 E-mail :-etbtd@punjab.gov.in*

ਸੇਵਾ ਵਿਖੇ

ਸਮੂਹ ਚੋਣਕਾਰ ਰਜਿਸਟਰੇਸ਼ਨ ਅਫ਼ਸਰ,
ਜ਼ਿਲ੍ਹਾ ਬਠਿੰਡਾ।

ਪੱਤਰ ਨੰ. ਚੋਣ-2022/
ਮਿਤੀ 11 ਅਕਤੂਬਰ, 2022

ਵਿਸ਼ਾ:- Special Camp Day w.r.t. Collection of Aadhaar data from the electors on voluntary basis for linking and authentication of electorall rolls data-regarding.

ਹਵਾਲਾ:- ਇਸ ਦਫ਼ਤਰ ਦਾ ਪੱਤਰ ਨੰ: ਚੋਣ-2022/5984-89 ਮਿਤੀ 26.08.2022.

ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਰਾਹੀਂ ਆਪ ਨੂੰ ਭਾਰਤ ਚੋਣ ਕਮਿਸ਼ਨ,ਨਵੀਂ ਦਿੱਲੀ ਵੱਲੋ ਜਾਰੀ ਪੱਤਰ ਨੰ.23/inst./2022-ERS,Dated:--14th July 2022 ਦੀ ਕਾਪੀ ਭੇਜਕੇ ਲਿਖਿਆ ਗਿਆ ਸੀ ਕਿ ਵੋਟਰ ਸੂਚੀ ਵਿੱਚ ਦਰਜ ਵੋਟਰਾਂ ਦੇ ਡਾਟੇ ਨੂੰ ਆਧਾਰ ਕਾਰਡ ਨਾਲ ਲਿੰਕ ਕਰਨ ਲਈ ਬੂਥ ਲੈਵਲ ਅਫਸਰ ਹਰ ਮਹੀਨੇ ਆਪਣੇ-ਆਪਣੇ ਪੋਲਿੰਗ ਸਟੇਸ਼ਨ ਤੇ ਸਪੈਸ਼ਲ ਕੈਂਪ ਲਗਾਉਣਗੇ । ਅਕਤੂਬਰ ਮਹੀਨੇ ਦਾ ਕੈਂਪ ਮਿਤੀ 16.10.2022 (ਦਿਨ ਐਂਤਵਾਰ) ਨੂੰ ਸਵੇਰੇ 10.00 ਵਜੇ ਤੋਂ ਸ਼ਾਮ 4.00 ਵਜੇ ਤੱਕ ਲਗਾਇਆ ਜਾਣਾ ਹੈ। ਕੈਂਪ ਦੌਰਾਨ ਬੂਥ ਲੈਵਲ ਅਫਸਰਾਂ ਦੀ 100% ਹਾਜਰੀ ਯਕੀਨੀ ਬਣਾਉਣ ਲਈ ਚੋਣਕਾਰ ਰਜਿਸਟਰੇਸ਼ਨ ਅਫਸਰਾਂ/ਸਹਾਇਕ ਚੋਣਕਾਰ ਰਜਿਸਟਰੇਸ਼ਨ ਅਫਸਰਾਂ ਅਤੇ ਸੁਪਰਵਾਈਜ਼ਰੀ ਅਫਸਰਾਂ ਰਾਹੀਂ ਚੈਕਿੰਗ ਕੀਤੀ ਜਾਵੇ । ਮੁੱਖ ਦਫ਼ਤਰ ਅਤੇ ਜ਼ਿਲ੍ਹਾ ਪੱਧਰ ਦੇ ਅਧਿਕਾਰੀਆਂ ਵੱਲੋਂ ਵੀ ਬੂਥ ਲੈਵਲ ਅਫਸਰਾਂ ਦੀ ਹਾਜਰੀ ਚੈੱਕ ਕੀਤੀ ਜਾ ਸਕਦੀ ਹੈ । ਕੈਂਪ ਦੀ ਮਿਤੀ ਤੋਂ 1 ਦਿਨ ਪਹਿਲਾਂ ਮੁਸ਼ਤਰੀ-ਮੁਨਾਦੀ ਕਰਵਾਈ ਜਾਵੇ ਤਾਂ ਜੋ ਵੱਧ ਤੋਂ ਵੱਧ ਫਾਰਮ ਨੰ: 6ਬੀ ਪ੍ਰਾਪਤ ਕੀਤੇ ਜਾ ਸਕਣ । ਕੈਂਪ ਦੌਰਾਨ ਪ੍ਰਾਪਤ ਕੀਤੇ ਫਾਰਮ ਨੰ: 6ਬੀ ਦੀ ਸੂਚਨਾ ਮਿਤੀ 17.10.2022 ਨੂੰ ਸਵੇਰੇ 11.00 ਵਜੇ ਤੱਕ ਨਿਮਨ ਪ੍ਰੋਫਾਰਮੇ ਵਿੱਚ ਇਸ ਦਫ਼ਤਰ ਨੂੰ ਭੇਜ ਦਿੱਤੀ ਜਾਵੇ ਜੀ:-

| ਚੋਣ ਹਲਕੇ ਦਾ ਨੰ: ਅਤੇ ਨਾਮ | ਮਿਤੀ 16.10.2022 ਤੱਕ ਪ੍ਰਾਪਤ ਕੀਤੇ ਫਾਰਮ 6ਬੀ ਦੀ ਗਿਣਤੀ | ਮਿਤੀ 17.10.2022 ਨੂੰ ਕੈਂਪ ਦੌਰਾਨ ਪ੍ਰਾਪਤ ਕੀਤੇ ਫਾਰਮ 6ਬੀ ਦੀ ਗਿਣਤੀ | ਕੁੱਲ ਪ੍ਰਾਪਤ ਕੀਤੇ ਫਾਰਮ ਨੰ: 6ਬੀ ਦੀ ਗਿਣਤੀ | ਕੈਂਪ ਦੌਰਾਨ ਗੈਰ ਹਾਜਰ ਪਾਏ ਗਏ ਬੂਥ ਲੈਵਲ ਅਫਸਰਾਂ ਦੇ ਵੇਰਵੇ (ਜੇ ਕੋਈ ਹੋਣ) |
|---|---|---|---|---|
| | | | | |

ਵਾ: ਜ਼ਿਲ੍ਹਾ ਚੋਣ ਅਫਸਰ
ਬਠਿੰਡਾ

ਪਿੱਠ ਅੰਕਣ ਚੋਣ-2022/ 6283-85
ਮਿਤੀ 11-10-2022

ਇਸਦਾ ਇੱਕ ਉਤਾਰਾ:-

1. ਜ਼ਿਲ੍ਹਾ ਸਿਖਿਆ ਅਫ਼ਸਰ (ਸੈ.ਸਿ.) ਅਤੇ ਜ਼ਿਲ੍ਹਾ ਸਿਖਿਆ ਅਫ਼ਸਰ ( ਪ੍ਰਾ. ਸਿ.), ਬਠਿੰਡਾ ਪਾਸ ਭੇਜ ਕੇ ਲਿਖਿਆ ਜਾਂਦਾ ਹੈ ਕਿ ਜਿਹੜੇ ਸਕੂਲਾਂ ਵਿੱਚ ਪੋਲਿੰਗ ਸਟੇਸ਼ਨ ਬਣੇ ਹੋਏ ਹਨ, ਉਹਨਾਂ ਨੂੰ ਮਿਤੀ 16.10.2022 ਨੂੰ ਖੁੱਲ੍ਹਾ ਰੱਖਿਆ ਜਾਵੇ ਅਤੇ ਬੂਥ ਲੈਵਲ ਅਫਸਰਾਂ ਨੂੰ ਬੈਠਣ ਲਈ ਲੋੜੀਂਦਾ ਫਰਨੀਚਰ ਮੁਹੱਈਆ ਕਰਵਾਇਆ ਜਾਵੇ।

2. ਜ਼ਿਲ੍ਹਾ ਲੋਕ ਸੰਪਰਕ ਅਫਸਰ, ਬਠਿੰਡਾ ਪਾਸ ਭੇਜ ਕੇ ਲਿਖਿਆ ਜਾਂਦਾ ਹੈ ਕਿ ਮਿਤੀ 16.10.2022 ਨੂੰ ਕੈਂਪ ਲਗਾਉਣ ਸਬੰਧੀ ਪ੍ਰੈਸ ਨੋਟ ਮਿਤੀ 15 ਅਤੇ 16 ਅਕਤੂਬਰ 2022 ਨੂੰ ਉੱਘੀਆਂ ਅਖ਼ਬਾਰਾਂ ਵਿੱਚ ਪ੍ਰਕਾਸ਼ਿਤ ਕਰਵਾ ਦਿੱਤਾ ਜਾਵੇ ।

ਵਾ: ਜ਼ਿਲ੍ਹਾ ਚੋਣ ਅਫਸਰ
ਬਠਿੰਡਾ